ਇਹੁ ਹਮਾਰਾ ਜੀਵਣਾ

19.7.97

# ਅਤਿਵਾਦ ਅਤੇ ਦੇਸ਼ ਦੀ ਸਿਆਸਤ

ਗੁਰਸ਼ਰਨ ਸਿੰਘ

ਪਹਿਲੇ ਬਠਿੰਡਾ ਨੇੜੇ ਰੇਲ ਡੱਬੇ ਵਿਚ ਬੰਬ ਫਟਿਆ, ਫੇਰ ਅਗਲੇ ਦਿਨ ਬਾਘਾ ਪੁਰਾਣਾ ਦੀ ਘਟਨਾ ਵਾਪਰੀ ਤਾਂ ਇਕ ਬਹਿਸ ਛਿੜ ਗਈ ਕਿ ਇਨ੍ਹਾਂ ਘਟਨਾਵਾਂ ਦਾ ਜ਼ਿੰਮੇਵਾਰ ਕੌਣ ਹੈ? ਇਹ ਬਹਿਸ ਬਿਲਕੁਲ ਉਸ ਬਹਿਸ ਦੀ ਤਰ੍ਹਾਂ ਹੈ ਜੋ ਬੜੇ ਚਿਰ ਤੋਂ ਚੱਲ ਰਹੀ ਹੈ ਕਿ ਪੰਜਾਬ ਵਿਚ ਅਤਿਵਾਦ ਦਾ ਜ਼ਿੰਮੇਵਾਰ ਕੌਣ ਹੈ? ਅਕਾਲੀ ਕਹਿੰਦੇ ਹਨ ਕਿ ਕਾਂਗਰਸ ਨੇ ਅਤਿਵਾਦ ਨੂੰ ਜਨਮ ਦਿੱਤਾ। ਗਿਆਨੀ ਜ਼ੈਲ ਸਿੰਘ ਨੇ ਭਿੰਡਰਾਂਵਾਲਾ ਨੂੰ ਖੜ੍ਹਾ ਕੀਤਾ ਤਾਂ ਜੋ ਅਕਾਲੀਆਂ ਨੂੰ ਕਮਜ਼ੋਰ ਕੀਤਾ ਜਾ ਸਕੇ। ਕਾਂਗਰਸੀ ਕਹਿੰਦੇ ਹਨ ਕਿ ਅਕਾਲੀ ਅਤਿਵਾਦ ਦੇ ਜ਼ਿੰਮੇਵਾਰ ਹਨ। ਉਂਝ ਇਹ ਸਚਾਈ ਕਿਸੇ ਤੋਂ ਨਹੀਂ ਛੁਪੀ ਕਿ ਅਤਿਵਾਦੀ ਅਕਾਲੀ ਲੀਡਰਾਂ ਦੇ ਘਰਾਂ ਵਿਚ ਵੀ ਪਨਾਹ ਲੈਂਦੇ ਰਹੇ ਹਨ ਅਤੇ ਕਾਂਗਰਸੀ ਲੀਡਰਾਂ ਦੇ ਘਰਾਂ ਵਿਚ ਵੀ ਪਨਾਹ ਲੈਂਦੇ ਰਹੇ ਹਨ। ਸਿਰਫ਼ ਪਨਾਹ ਹੀ ਨਹੀਂ ਲੈਂਦੇ ਰਹੇ, ਸਗੋਂ ਉਨ੍ਹਾਂ ਕੋਲੋਂ ਹਰ ਕਿਸਮ ਦੀ ਮਾਲੀ ਸਹਾਇਤਾ ਵੀ ਲੈਂਦੇ ਰਹੇ ਹਨ ਭਾਵੇਂ ਇਹ ਮਰਜ਼ੀ ਨਾਲ ਸੀ ਜਾਂ ਜ਼ਬਰਦਸਤੀ ਸੀ। ਇੱਥੇ ਇਹ ਗੱਲ ਵੀ ਇਤਿਹਾਸਕ ਤੌਰ 'ਤੇ ਨੋਟ ਕਰਨ ਵਾਲੀ ਹੈ ਕਿ ਕਿਸੇ ਕਮਿਊਨਿਸਟ ਦੇ ਘਰ ਨਾ ਕਿਸੇ ਅਤਿਵਾਦੀ ਨੇ ਪਨਾਹ ਲਈ ਹੈ ਅਤੇ ਨਾ ਹੀ ਕੋਈ ਫੰਡ ਉਗਰਾਹੀ ਕੀਤੀ ਹੈ। ਇਹ ਸਚਾਈ ਲੋਕਾਂ ਦੇ ਸਾਹਮਣੇ ਆਉਣੀ ਚਾਹੀਦੀ ਹੈ ਕਿ ਕਮਿਊਨਿਸਟ ਤੇ ਸਿਰਫ਼ ਕਮਿਊਨਿਸਟ ਧਿਰ ਹੀ ਐਸੀ ਧਿਰ ਹੈ ਜੋ ਫਲਸਫ਼ੇ ਦੇ ਤੌਰ 'ਤੇ ਧਰਮ ਜਾਂ ਜਾਤ ਜਾਂ ਇਲਾਕਾ ਅਧਾਰਤ ਕਿਸੇ ਕਿਸਮ ਦੇ ਅਤਿਵਾਦ ਤੋਂ ਸੁਰਖ਼ਰੂ ਹੈ। ਇਹ ਸਚਾਈ ਹੁਣ ਜਦੋਂ ਅਤਿਵਾਦ ਦੇ ਫੇਰ ਸਿਰ ਚੁੱਕ ਦੀ ਸੰਭਾਵਨਾ ਨਜ਼ਰ ਆ ਰਹੀ ਹੈ, ਉਹਦੇ ਸੰਦਰਭ ਵਿਚ ਹੋਰ ਵੀ ਜ਼ਰੂਰੀ ਹੈ ਕਿ ਇਸ ਅਤਿਵਾਦ ਦੇ ਵਿਰੁੱਧ ਸਿਆਸੀ ਤੌਰ 'ਤੇ ਕਿਸ ਤਰ੍ਹਾਂ ਲੜਨਾ ਹੈ।

ਬਠਿੰਡਾ ਤੇ ਬਾਘਾ ਪੁਰਾਣਾ ਦੀਆਂ ਘਟਨਾਵਾਂ ਤੋਂ ਬਾਅਦ ਜਿਹੜੇ ਪ੍ਰਤੀਕਰਮ ਆਏ ਹਨ, ਉਹ ਕਾਫ਼ੀ ਤਰਕਹੀਣ ਹਨ ਤੇ ਉਨ੍ਹਾਂ ਦਾ ਨੋਟਿਸ ਲੈਣਾ ਇਸ ਲਈ ਜ਼ਰੂਰੀ ਹੈ ਕਿ ਆਪਣੀ ਜ਼ਿੰਮੇਵਾਰੀ ਤੋਂ ਨੱਸਣ ਦੀਆਂ ਗੱਲਾਂ ਹਨ। ਜਥੇਦਾਰ ਗੁਰਚਰਨ ਸਿੰਘ ਟੌਹੜਾ ਕਹਿੰਦੇ ਹਨ ਕਿ ਇਨ੍ਹਾਂ ਘਟਨਾਵਾਂ ਦਾ ਜ਼ਿੰਮੇਵਾਰ ਕੇ.ਪੀ.ਐਸ. ਗਿੱਲ ਹੈ। ਉਨ੍ਹਾਂ ਕੋਲੋਂ ਕੋਈ ਪੁੱਛੇ ਕਿ ਕੀ ਕੇ.ਪੀ.ਐਸ. ਗਿੱਲ ਕੋਲ ਰਿਟਾਇਰਡ ਹੋਣ ਤੋਂ ਬਾਅਦ ਕੋਈ ਪ੍ਰਾਈਵੇਟ ਆਰਮੀ ਹੈ? ਕੀ ਉਹਦੇ ਕੋਲ ਕੋਈ ਐਸੇ ਬੰਦੇ ਹਨ, ਜੋ ਉਹਦੇ ਇਸ਼ਾਰੇ 'ਤੇ ਬੰਬ ਸੁੱਟ ਸਕਦੇ ਹਨ? ਟੌਹੜਾ ਸਾਹਿਬ ਹੁਣ ਸਰਕਾਰ ਦੇ ਬੜੇ ਨੇੜੇ ਹਨ ਜਾਂ ਇਹ ਕਹਿ ਲਵੋ ਕਿ ਉਹ ਸਰਕਾਰ ਦਾ ਹਿੱਸਾ ਹਨ। ਉਹਨਾਂ ਕੋਲ ਕੋਈ ਇਹੋ ਜਿਹੀ ਖ਼ੁਫ਼ੀਆ ਜਾਂ ਜ਼ਾਹਰਾ ਜਾਣਕਾਰੀ ਹੈ ਤਾਂ ਉਹ ਲੋਕਾਂ ਅੱਗੇ ਸਪੱਸ਼ਟ ਪੇਸ਼ ਕਰ ਦੇਣ। ਰੁਕਾਵਟ ਕੀ ਹੈ? ਇਹੋ ਜਿਹੀ ਬਿਆਨਬਾਜ਼ੀ ਮਸਲੇ ਨੂੰ ਭੰਬਲ-ਭੂਸੇ ਵਿਚ ਪਾਉਣ ਦੀ ਗੱਲ ਹੁੰਦੀ ਹੈ, ਹੋਰ ਕੁੱਝ ਨਹੀਂ।

ਇਸੇ ਤਰ੍ਹਾਂ ਮਨੁੱਖੀ ਅਧਿਕਾਰ ਸੰਸਥਾਵਾਂ ਜ... ਇਹ ਬਿਆਨਬਾਜ਼ੀ ਕਰਦੀਆਂ ਹਨ ਕਿ ਇਹ ਵਾਰਦਾਤਾਂ ਪੰ... ਪੁਲਸ ਕਰਵਾ ਰਹੀ ਹੈ ਤਾਂ ਇਹ ਵੀ ਗੱਲ ਬੇਤੁਕੀ ਹੈ। ਇ... ਹੈ ਕਿ ਇਹ ਵਾਰਦਾਤਾਂ ਪੁਲਸ ਨੂੰ ਖੁੱਲ੍ਹੇ ਅਧਿਕਾਰ ਦੇਣ ਦੀ ਪੈਰਵੀ ਕਰਦੀ ਧਿਰ ਦੇ ਹੱਕ ਵਿਚ ਜਾਂਦੀਆਂ ਹਨ ਪਰ ਪੰਜਾਬ ਪੁਲਸ ਇਹ ਕਰਵਾ ਰਹੀ ਹੈ, ਇਹ ਗੱਲ ਬਿਲਕੁਲ ਹੀ ਨਹੀਂ ਜਚਦੀ।

ਬਾਦਲ ਸਾਹਿਬ ਦਾ ਕਹਿਣਾ ਹੈ ਕਿ ਇਹ ਵਾਰਦਾਤਾਂ ਫਿਰਕੂ ਤਾਕਤਾਂ ਦੀ ਸਾਜ਼ਿਸ਼ ਹੈ, ਜੋ ਪੰਜਾਬ ਵਿਚ ਹਿੰਦੂ-ਸਿੱਖ ਏਕਤਾ ਨਹੀਂ ਵੇਖਣਾ ਚਾਹੁੰਦੇ ਅਤੇ ਅਕਾਲੀ-ਭਾਜਪਾ ਸਰਕਾਰ ਨੂੰ ਅਸਥਿਰ ਕਰਨਾ ਚਾਹੁੰਦੇ ਹਨ। ਇਸ ਸਬੰਧ ਵਿਚ ਇਹ ਸਚਾਈ ਤਾਂ ਕਿਸੇ ਕੋਲੋਂ ਲੁਕੀ ਹੋਈ ਨਹੀਂ ਕਿ ਪਿਛਲੇ 50 ਸਾਲਾਂ ਵਿਚ ਫਿਰਕੂ ਤਾਕਤਾਂ ਦੀ ਸ਼ਨਾਖ਼ਤ ਕੀਤੀ ਜਾਏ ਤਾਂ ਮੁਸਲਿਮ ਲੀਗ ਨੂੰ ਛੱਡ ਕੇ ਅਕਾਲੀ ਅਤੇ ਭਾਜਪਾ ਹੀ ਦੋ ਐਲਾਨੀਆ ਫਿਰਕੂ ਤਾਕਤਾਂ ਹਨ। ਬਾਦਲ ਸਾਹਿਬ ਦੇ ਮਨ ਵਿਚ ਜੇਕਰ ਕੋਈ ਹੋਰ ਫਿਰਕੂ ਤਾਕਤ ਹੈ ਤਾਂ ਉਹਦਾ ਨਾਂ ਲੈਣ ਤੋਂ ਕਿਉਂ ਸੰਕੋਚ ਕਰਦੇ ਹਨ? ਉਨ੍ਹਾਂ ਨੂੰ ਦੱਸ ਦੇਣਾ ਚਾਹੀਦਾ ਹੈ ਤਾਂ ਜੋ ਲੋਕ ਉਨ੍ਹਾਂ ਤੋਂ ਖ਼ਬਰਦਾਰ ਰਹਿਣ। ਇਸੇ ਤਰ੍ਹਾਂ ਗੁਜਰਾਲ ਸਾਹਿਬ ਨੇ ਲੁਧਿਆਣਾ ਬੋਲਦੇ ਹੋਏ ਅਸਿੱਧੇ ਤੌਰ 'ਤੇ ਬਾਹਰਲੀਆਂ ਤਾਕਤਾਂ ਦੀ ਨਿਸ਼ਾਨਦੇਹੀ ਕਰ ਦਿੱਤੀ ਅਤੇ ਨਾਲ ਹੀ ਧਮਕੀ ਦੇ ਦਿੱਤੀ ਕਿ ਉਹ ਭਾਰਤ ਨੂੰ ਕਮਜ਼ੋਰ ਨਾ ਸਮਝਣ। ਉਨ੍ਹਾਂ ਨੇ ਹਵਾਈ ਗੱਲ ਕਹੀ ਕਿ ਬਾਹਰਲੀਆਂ ਤਾਕਤਾਂ ਪੰਜਾਬ ਦੀ ਅਮਨ-ਸ਼ਾਂਤੀ ਭੰਗ ਕਰਨਾ ਚਾਹੁੰਦੀਆਂ ਹਨ ਤੇ ਉਨ੍ਹਾਂ ਦੀ ਇਹ ਕੋਸ਼ਿਸ਼ ਕਾਮਯਾਬ ਨਹੀਂ ਹੋਣ ਦਿੱਤੀ ਜਾਏਗੀ।

ਜ਼ਿੰਮੇਵਾਰ ਲੋਕਾਂ ਦੇ ਪ੍ਰਤੀਕਰਮ ਦੱਸਦੇ ਹਨ ਕਿ ਉਹ ਦੇਸ਼ ਦੇ, ਜਿਸ ਵਿਚ ਪੰਜਾਬ ਵੀ ਆਉਂਦਾ ਹੈ, ਕੋਈ ਮਸਲੇ ਹੱਲ ਤਾਂ ਕਰ ਨਹੀਂ ਸਕਦੇ ਪਰ ਬਿਆਨਬਾਜ਼ੀ ਜਾਂ ਇਲਜ਼ਾਮਬਾਜ਼ੀ ਕਰਕੇ ਆਪਣੀ ਜ਼ਿੰਮੇਵਾਰੀ ਤੋਂ ਸੁਰਖ਼ਰੂ ਹੋਣਾ ਚਾਹੁੰਦੇ ਹਨ। ਪੁਲਸ ਏਜੰਸੀਆਂ ਜਾਂ ਖ਼ੁਫ਼ੀਆ ਏਜੰਸੀਆਂ ਜਿਨ੍ਹਾਂ ਵਿਚ ਕੇਂਦਰ ਦੀਆਂ ਏਜੰਸੀਆਂ ਵੀ ਹਨ ਤੇ ਸੂਬੇ ਦੀਆਂ ਵੀ ਹਨ, ਉਨ੍ਹਾਂ ਦਾ ਫ਼ਰਜ਼ ਹੈ ਕਿ ਉਨ੍ਹਾਂ ਕੋਲ ਜਿਹੜੀ ਜਾਣਕਾਰੀ ਹੈ, ਉਹ ਮੋਟੇ ਤੌਰ 'ਤੇ ਲੋਕਾਂ ਨਾਲ ਸਾਂਝੀ ਕਰਨ। ਰਿਟਾਇਰ ਹੋਣ ਤੋਂ ਬਾਅਦ ਇਨ੍ਹਾਂ ਏਜੰਸੀਆਂ ਦੇ ਅਫ਼ਸਰਾਂ ਨੇ ਦਸਤੂਰ ਬਣਾ ਲਿਆ ਹੈ ਕਿ ਉਹ ਡਾਇਰੀਆਂ ਦੀ ਸ਼ਕਲ ਵਿਚ ਆਪਣੀਆਂ ਕਿਤਾਬਾਂ ਲਿਖਦੇ ਹਨ ਤੇ ਲੱਖਾਂ ਡਾਲਰ ਜਾਂ ਪੌਂਡ ਕਮਾ ਲੈਂਦੇ ਹਨ ਪਰ ਜਦੋਂ ਸਰਵਿਸ ਵਿਚ ਹੁੰਦੇ ਹਨ ਤਾਂ ਚੁੱਪ ਰਹਿੰਦੇ ਹਨ। ਕਦੀ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਉਂਦੇ। 13-14 ਸਾਲਾਂ ਵਿਚ ਪੰਜਾਬ ਦੇ 25,000 ਲੋਕ ਮਾਰੇ ਗਏ। ਇਹਦੀ ਜ਼ਿੰਮੇਵਾਰੀ ਕਿਹਦੀ ਹੈ? ਨਾ ਪਾਕਿਸਤਾਨ ਦੀ ਹੈ, ਨਾ ਅਮਰੀਕਾ ਦੀ ਹੈ। ਇਹ ਸਿਰਫ਼ ਤੇ ਸਿਰਫ਼ ਉਨ੍ਹਾਂ ਲੋਕਾਂ ਦੀ ਹੈ, ਜੋ ਇਸ ਦੌਰਾਨ ਸਰਕਾਰ ਚਲਾਉਂਦੇ ਰਹੇ ਜਾਂ ਵੱਡੇ ਅਹੁਦਿਆਂ 'ਤੇ ਬੈਠ ਕੇ ਹਕੂਮਤ ਕਰਦੇ ਰਹੇ।

ਹੁਣ ਵੀ ਜਦੋਂ ਅਤਿਵਾਦ ਦੇ ਆਸਾਰ ਨਜ਼ਰ ਆ ਰਹੇ ਹਨ ਤਾਂ ਇਹ ਜ਼ਿੰਮੇਵਾਰੀ ਸਮੇਂ ਦੀਆਂ ਸਰਕਾਰਾਂ ਦੀ ਹੈ। ਕੇਂਦਰ ਵਿਚ ਸਾਂਝੇ ਮੋਰਚੇ ਦੀ ਸਰਕਾਰ ਹੈ, ਪੰਜਾਬ ਵਿਚ ਅਕਾਲੀ-ਭਾਜਪਾ ਦੀ ਸਰਕਾਰ ਹੈ। ਸਰਕਾਰ ਦਾ ਸਕਿਉਰਟੀ ਫੋਰਸਾਂ ਉੱਤੇ ਕਰੋੜਾਂ ਰੁਪਏ ਦਾ ਖਰਚ ਹੈ। ਉਨ੍ਹਾਂ ਕੋਲ ਪੂਰੇ ਸਾਧਨ ਹਨ ਕਿ ਉਹ ਹਰ ਗੱਲ ਦੀ ਸੂਹ ਰੱਖਣ ਅਤੇ ਸਹੀ ਸਮੇਂ ਲੋਕਾਂ ਨੂੰ ਖ਼ਬਰਦਾਰ ਕਰਨ। ਇਸ ਫੋਰਸ ਦਾ ਇਹ ਕੋਈ ਵੱਡਾ ਕੰਮ ਨਹੀਂ ਕਿ ਗੁਜਰਾਲ ਸਾਹਿਬ ਜਦੋਂ ਬਠਿੰਡਾ ਹਸਪਤਾਲ ਆਉਣ ਤਾਂ ਉਨ੍ਹਾਂ ਦੀ ਸਕਿਉਰਟੀ ਦੇ ਪੱਜ ਹਸਪਤਾਲ ਦੇ ਮਰੀਜ਼ਾਂ ਜਾਂ ਉਨ੍ਹਾਂ ਦੇ ਰਿਸ਼ਤੇਦਾਰਾਂ ਦੀ ਜਾਨ ਸੂਲੀ 'ਤੇ ਟੰਗ ਦੇਣ।

ਧਰਮ, ਇਲਾਕਾ ਅਤੇ ਜਾਤ ਅਧਾਰਤ ਦੇਸ਼ ਵਿਚ ਜੋ ਪਿਛਾਂਹਖਿੱਚੂ ਸਿਆਸਤ ਚੱਲ ਰਹੀ ਹੈ, ਉਹ ਦੇਸ਼ ਦਾ ਕੋਈ ਮਸਲਾ ਹੱਲ ਕਰਨ ਦੇ ਯੋਗ ਨਹੀਂ। ਭਾਵੇਂ ਉਹ ਤਰਾਈ ਦੇ ਸਿੱਖ ਕਿਸਾਨਾਂ ਦਾ ਹੋਵੇ ਜਾਂ ਸਤਲੁਜ-ਯਮਨਾ ਲਿੰਕ ਨਹਿਰ ਦਾ ਹੋਵੇ। ਇਹ ਅਤਿਵਾਦੀ ਵਾਰਦਾਤਾਂ ਵੀ ਇਸ ਨਾਕਸ ਸਿਆਸਤ ਦੀ ਦੇਣ ਹਨ। ਖੱਬੀ ਧਿਰ ਨੂੰ ਸਾਰਾ ਸੰਘਰਸ਼ ਇਸ ਸਿਆਸਤ ਦੇ ਵਿਰੁੱਧ ਸੇਧਤ ਕਰਨਾ ਚਾਹੀਦਾ ਹੈ। ਪੁਲਸ ਨੂੰ ਖੁੱਲ੍ਹ ਦਿੱਤੀ ਜਾਏ ਜਾਂ ਨਾ, ਦੇਸ਼ ਦੀ ਅਖੰਡਤਾ ਨੂੰ ਭੰਗ ਕਰਨ ਦੀਆਂ ਸਾਮਰਾਜੀ ਚਾਲਾਂ ਨੂੰ ਕਿਸ ਤਰ੍ਹਾਂ ਨਸ਼ਰ ਕੀਤਾ ਜਾਏ, ਇਹ ਜੁੜਦੀਆਂ ਗੱਲਾਂ ਜ਼ਰੂਰ ਹਨ ਅਤੇ ਅਹਿਮ ਵੀ ਹਨ ਪਰ ਇਹ ਦੋਮ ਦਰਜੇ ਦੀਆਂ ਗੱਲਾਂ ਹਨ। ਮੁੱਖ ਗੱਲ ਏਕ... ਤੇ ਦੋਮ ਦਰਜੇ ਦੀਆਂ ਗੱਲਾਂ ਵਿਚ ਨਿਤਾਰਾ ਕਰਨ ਦੀ ਹੈ ... ਹੀ ਖੱਬੀ ਸਿਆਸਤ ਦੀ ਮੁੱਖ ਪਹਿਚਾਣ ਹੈ। ਅਤਿਵਾਦ ਦੇ ਵਿ... ਹੀ ਸਿਆਸਤ ਨੂੰ ਬੁਨਿਆਦ ਬਣਾ ਕੇ ਹੀ ਲੜਿਆ ਜਾ ... ਹੈ।